# BUDHA DAL PUBLIC SCHOOL, PATIALA
## FINAL EXAMINATION (13 March 2026)
### Class - IV
### Punjabi (Set - B)

**Time: 3 hrs.** **MM: 80**

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਬੂਟਾ, ਸਮਾਂ, ਤਸਵੀਰ, ਅਵਾਜ਼

**ਪ੍ਰ2. ਆਮ ਜਾਣਕਾਰੀ ਵਾਲੇ ਪ੍ਰਸ਼ਨ/ਉੱਤਰ** (5)

1. ਪੰਜਾਬ ਦਾ ਉੱਡਣਾ ਸਿੱਖ ਕਿਸਨੂੰ ਕਹਿੰਦੇ ਹਨ?
2. ਪੰਜਾਬ ਵਿੱਚ ਕਿੰਨੇ ਦਰਿਆ ਹਨ?
3. ਚੰਡੀਗੜ੍ਹ ਕਿਹੜੇ ਦੋ ਰਾਜਾਂ ਦੀ ਸਾਂਝੀ ਰਾਜਧਾਨੀ ਹੈ?
4. ਪੰਜਾਬ ਦੇ ਪ੍ਰਸਿੱਧ ਲੋਕ ਨਾਚ ਕਿਹੜੇ ਹਨ?
5. ਮਸਾਲਿਆਂ ਦੀ ਰਾਣੀ ਕਿਸਨੂੰ ਕਹਿੰਦੇ ਹਨ?

**ਪ੍ਰ3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (8)

1. ਮਾਲੀ ਨੇ ਰੁੱਖਾਂ ਦੀ ਕੀਮਤ ਸੰਬੰਧੀ ਕੀ ਕਿਹਾ? ਮਾਲੀ ਬਾਗ਼ ਵਿੱਚ ਕਿਸ ਦੇ ਬੂਟੇ ਲਗਾ ਰਿਹਾ ਸੀ?
2. ਮਾਲਕਣ ਇਕੱਠੇ ਕੀਤੇ ਬੀਜਾਂ ਨੂੰ ਰਾਹ ਵਿੱਚ ਕਿਉਂ ਖਿਲਾਰ ਦਿੰਦੀ ਸੀ?
3. ਬਿੱਲੀ ਆਪਣੇ ਬਲੂੰਗੜਿਆਂ ਨੂੰ ਹਰਮਨ ਦੇ ਕਮਰੇ ਵਿੱਚ ਕਿਉਂ ਲਿਆਈ ਸੀ? ਬਿੱਲੀ ਦੀ ਅਵਾਜ਼ ਕਿਹੋ ਜਿਹੀ ਸੀ?
4. ਹਰਮਨ ਨੇ ਕਮਰੇ ਵਿੱਚ ਆ ਕੇ ਕੀ ਦੇਖਿਆ?

**ਪ੍ਰ4. ਹੇਠ ਲਿਖੇ ਸ਼ਬਦਾਂ ਵਿੱਚੋਂ ਸਾਰਥਕ ਅਤੇ ਨਿਰਾਰਥਕ ਸ਼ਬਦ ਵੱਖ-ਵੱਖ ਕਰਕੇ ਲਿਖੋ:** (3)

ਰੋਟੀ, ਚੁਰਖਾ, ਚਾਹ, ਚੁਮਚਾ, ਸੂਫ਼ਾ, ਪਾਣੀ

**ਪ੍ਰ5. ਹੇਠ ਲਿਖੇ ਸ਼ਬਦਾਂ ਦੇ (ਦੋ-ਦੋ) ਸਮਾਨਾਰਥਕ ਸ਼ਬਦ ਲਿਖੋ:** (5)

ਉੱਘਾ, ਅਕਲ, ਤਾਕਤ, ਅਲੱਗ, ਯੁੱਧ

**ਪ੍ਰ6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:** (4)

ਬਾਗ਼, ਬੀਜ, ਬਰਸਾਤ, ਤਸਵੀਰ

**ਪ੍ਰ7. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (5)

**(ਸਫ਼ੇ, ਤੋਤੇ, ਸਬਕ, ਆਕਸੀਜਨ, ਸ਼ੁੱਧ)**

1. ਮਾਲੀ ਨੇ ਸਾਨੂੰ ਨਵਾਂ .................. ਸਿਖਾ ਦਿੱਤਾ।
2. ਰੁੱਖ ਅਰਬਾਂ ਦੀ ਕੀਮਤ ਦੀ .............. ਦਿੰਦੇ ਹਨ।
3. ਹਰਮਨ ਨੂੰ ................. ਬਹੁਤ ਚੰਗੇ ਲੱਗਦੇ ਸਨ।
4. ਡਰਾਇੰਗ ਦੀ ਕਾਪੀ ਵਿੱਚ ਦੋ ............... ਬਚੇ ਸਨ।
5. ਸੋਨਾ ਬਿਲਕੁੱਲ ................ ਸੀ।

Scanned with OKEN Scanner

**ਪ੍ਰ8. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (5)

1. ਮੰਗਤੇ ਨੂੰ ਖ਼ਜ਼ਾਨੇ ਬਾਰੇ ਪਤਾ ਸੀ।
2. ਬਿੱਲੀ ਦੇ ਦੋ ਬਲੂੰਗੜੇ ਸਨ।
3. ਹਰਮਨ ਬਿੱਲੀ ਦੀ ਤਸਵੀਰ ਬਣਾ ਰਹੀ ਸੀ।
4. ਮਾਲੀ ਨੂੰ ਫੁੱਲਾਂ ਦੇ ਬੀਜ ਇਕੱਠੇ ਕਰਨ ਲਈ ਨੌਕਰ ਕਹਿੰਦਾ ਸੀ।
5. ਸਾਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ।

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ (✓) ਕਰੋ।** (6)

1. ਦਾਦੀ ਮਾਂ ਨੇ ਕਿਸ ਵਿਅਕਤੀ ਦੀ ਕਹਾਣੀ ਸੁਣਾਈ?

   ੳ) ਰਾਜੇ ਦੀ ਅ) ਮੰਗਤੇ ਦੀ
2. ਸੋਨੇ ਨਾਲੋਂ ਵੱਧ ਕੀਮਤੀ ਕਿਹੜਾ ਖ਼ਜ਼ਾਨਾ ਹੁੰਦਾ ਹੈ?

   ੳ) ਗੁਣਾਂ ਦਾ ਅ) ਹੀਰੇ ਦਾ
3. ਹਰਲੀਨ ਅਤੇ ਸਿਮਰਨ ਨੇ ਦਾਦੀ ਮਾਂ ਨੂੰ ਕੀ ਕਿਹਾ?

   ੳ) ਲੋਰੀ ਸੁਣਾਉਣ ਲਈ ਅ) ਕਹਾਣੀ ਸੁਣਾਉਣ ਲਈ
4. ਹਰਲੀਨ ਤੇ ਸਿਮਰਨ ਨੂੰ ਕਹਾਣੀ ਕਿਸ ਤਰ੍ਹਾਂ ਦੀ ਲੱਗੀ?

   ੳ) ਘਟੀਆ ਅ) ਪਿਆਰੀ
5. ਟੋਆ ਪੁੱਟਦੇ ਲੋਕਾਂ ਨੂੰ ਜ਼ਮੀਨ ਵਿੱਚੋਂ ਕੀ ਮਿਲਿਆ?

   ੳ) ਚਾਂਦੀ ਦੇ ਸਿੱਕਿਆਂ ਦਾ ਮੱਟ ਅ) ਸੋਨੇ ਦੇ ਸਿੱਕਿਆਂ ਦਾ ਮੱਟ
6. ਮੰਗਤਾ ਰਾਹ ਵਿੱਚ ਬੈਠਾ ਕੀ ਕਰਦਾ ਸੀ?

   ੳ) ਭੀਖ ਮੰਗਦਾ ਸੀ ਅ) ਕੰਮ ਕਰਦਾ ਸੀ

**ਪ੍ਰ10. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (3)

ਸ਼ੇਰ, ਬਿੱਲਾ, ਨਾਨਾ, ਠੇਕੇਦਾਰ, ਟੋਕਰਾ, ਅਧਿਆਪਕ

**ਪ੍ਰ11. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (3)

ਪੱਖਾ, ਰੱਸਾ, ਕੁੜੀ, ਮੋਰਨੀ, ਕਾਪੀ, ਅੱਖ

**ਪ੍ਰ12. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (3)

ਅੰਦਰ, ਔਖਾ, ਚੰਗਾ, ਨਵਾਂ, ਦੇਣਾ, ਦੁੱਖ

**ਪ੍ਰ13. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (3)

ਗਿਨਤੀ, ਭੁਮਿ, ਆਕਾਸ਼, ਬੈਠਨਾ, ਕੈਹੜਾ, ਪਸ਼ੁ

Scanned with OKEN Scanner

(5)

**ਪ੍ਰ14. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:**

1. ਇੱਕੋ ਉਮਰ ਦੇ ਬੱਚੇ -
2. ਰੱਬ ਨੂੰ ਮੰਨਣ ਵਾਲਾ -
3. ਪੰਜਾਬ ਦਾ ਰਹਿਣ ਵਾਲਾ -
4. ਕਵਿਤਾਵਾਂ ਲਿਖਣ ਵਾਲਾ -
5. ਕਿਸੇ ਖੇਡ ਵਿੱਚ ਹਿੱਸਾ ਲੈਣ ਵਾਲਾ -

(7)

**ਪ੍ਰ15. ਹੇਠ ਲਿਖੇ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ:**

ਦੀਵਾਲੀ **ਜਾਂ** ਮੇਰਾ ਮਨਭਾਉਂਦਾ ਅਧਿਆਪਕ

(6)

**ਪ੍ਰ16. ਹੇਠਾਂ ਲਿਖੇ ਬਿਨੈ-ਪੱਤਰਾਂ ਵਿੱਚੋਂ ਕੋਈ ਇੱਕ ਬਿਨੈ-ਪੱਤਰ ਲਿਖੋ :**

ਆਪਣੇ ਜਨਮਦਿਨ ਤੇ ਆਪਣੇ ਮਿੱਤਰ/ ਸਹੇਲੀ ਨੂੰ ਬੁਲਾਉਣ ਲਈ ਪੱਤਰ ਲਿਖੋ।

**ਜਾਂ**

ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।

(5)

**ਪ੍ਰ17. ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:**

ਖੇਡਾਂ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਵ ਹੈ। ਇਹ ਵਿਦਿਆਰਥੀਆਂ ਦਾ ਬਹੁ-ਪੱਖੀ ਵਿਕਾਸ ਕਰਦੀਆਂ ਹਨ। ਇਹ ਇੱਕ ਬਹੁਤ ਵੱਡੀ ਕਸਰਤ ਹਨ। ਇਹਨਾਂ ਨਾਲ਼ ਬੱਚੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਹੁੰਦਾ ਹੈ। ਖੇਡਾਂ ਖੇਡਣ ਨਾਲ਼ ਹਮੇਸ਼ਾ ਬੱਚੇ ਦਾ ਚਿਹਰਾ ਖਿੜਿਆ ਰਹਿੰਦਾ ਹੈ। ਉਹ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ। ਖੇਡਾਂ ਖੇਡਣ ਨਾਲ਼ ਵਿਦਿਆਰਥੀਆਂ ਅੰਦਰ ਬਹੁਤ ਚੰਗੇ-ਚੰਗੇ ਗੁਣ ਪੈਦਾ ਹੁੰਦੇ ਹਨ। ਉਹਨਾਂ ਨੂੰ ਜਿੱਤਾਂ ਜਿੱਤਣ ਦੀ ਪ੍ਰੇਰਨਾ ਮਿਲ਼ਦੀ ਹੈ। ਉਹ ਹਾਰਨ 'ਤੇ ਕਦੀ ਨਿਰਾਸ਼ ਨਹੀਂ ਹੁੰਦੇ।

1. ਖੇਡਾਂ ਵਿਦਿਆਰਥੀਆਂ ਦਾ ਕੀ ਕਰਦੀਆਂ ਹਨ?
2. ਖੇਡਾਂ ਖੇਡਣ ਨਾਲ ਬੱਚੇ ਦਾ ਚਿਹਰਾ ਹਮੇਸ਼ਾ ਕਿਹੋ ਜਿਹਾ ਰਹਿੰਦਾ ਹੈ?
3. ਖੇਡਾਂ ਖੇਡਣ ਨਾਲ ਬੱਚੇ ਕਿਸ ਤੋਂ ਬਚੇ ਰਹਿੰਦੇ ਹਨ?
4. ਖੇਡਾਂ ਖੇਡਣ ਨਾਲ ਵਿਦਿਆਰਥੀਆਂ ਅੰਦਰ ਕੀ ਪੈਦਾ ਹੁੰਦੇ ਹਨ?
5. ਖਿਡਾਰੀ ਹਾਰ ਜਾਣ ਤੇ ਕੀ ਨਹੀਂ ਹੁੰਦੇ?

Scanned with OKEN Scanner